BRAMPTON

**Media Release**

ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ ਨੇ COVID-19 ਦੀ ਪ੍ਰਤੀਕਿਰਿਆ ਵਿੱਚ ਐਮਰਜੈਂਸੀ ਦੀ ਸਥਿਤੀ ਹੋਣ ਦੀ ਘੋਸ਼ਣਾ ਕੀਤੀ

ਬ੍ਰੈਂਪਟਨ, ਓਨਟੈਰੀਓ (24 ਮਾਰਚ, 2020) – ਅੱਜ, ਸਿਟੀ ਕਾਉਂਸਿਲ (City Council) ਦੇ ਨਾਲ ਮਸ਼ਵਰਾ ਕਰਨ ਤੋਂ ਬਾਅਦ ਅਤੇ ਸਿਟੀ ਦੀ ਐਮਰਜੈਂਸੀ ਮੈਨੇਜਮੈਂਟ ਟੀਮ (Emergency Management Team) ਦੀ ਸਿਫਾਰਿਸ਼ ਤੇ, ਮੇਅਰ ਪੈਟਰਿਕ ਬ੍ਰਾਊਨ ਨੇ ਸਿਟੀ ਦੇ ਐਮਰਜੈਂਸੀ ਮੈਨੇਜਮੈਂਟ ਪਲਾਨ (Emergency Management Plan) ਦੇ ਮੁਤਾਬਕ, ਸਿਟੀ ਆਫ ਬ੍ਰੈਂਪਟਨ ਵਿੱਚ ਐਮਰਜੈਂਸੀ ਦੀ ਸਥਿਤੀ ਹੋਣ (State of Emergency) ਦੀ ਘੋਸ਼ਣਾ ਕੀਤੀ।

ਇਹ COVID-19 (ਸੀ.ਓ.ਵੀ.ਆਈ.ਡੀ.-19) ਨੂੰ ਫੈਲਣ ਤੋਂ ਰੋਕਣ ਵਿੱਚ ਮਦਦ ਲਈ, ਓਨਟੈਰੀਓ ਸੂਬੇ (Province of Ontario) ਅਤੇ ਰੀਜਨ ਆਫ ਪੀਲ (Region of Peel) ਦੇ ਯਤਨਾਂ ਦੇ ਸਮਰਥਨ ਵਿੱਚ ਇੱਕ ਮਹੱਤਵਪੂਰਣ ਕਦਮ ਹੈ।

ਇਸ ਘੋਸ਼ਣਾ ਨਾਲ, COVID-19 ਦੇ ਅਸਰਾਂ ਨੂੰ ਰੋਕਣ ਵਿੱਚ ਮਦਦ ਲਈ ਸਾਡੇ ਵੱਲੋਂ ਕੀਤੀਆਂ ਜਾਣ ਵਾਲੀਆਂ ਕਾਰਵਾਈਆਂ ਵਿੱਚ ਲਚਕੀਲੇਪਣ ਅਤੇ ਗਤੀ ਵਿੱਚ ਵਾਧਾ ਹੋਵੇਗਾ, ਜਿਸ ਨਾਲ ਸਿਟੀ ਦੇ ਐਮਰਜੈਂਸੀ ਪ੍ਰਤੀਕਿਰਿਆ ਸਬੰਧੀ ਜਾਰੀ ਯਤਨਾਂ ਵਿੱਚ ਮਦਦ ਮਿਲੇਗੀ।

ਸਿਟੀ ਆਫ ਬ੍ਰੈਂਪਟਨ, ਬ੍ਰੈਂਪਟਨ ਟ੍ਰਾਂਜ਼ਿਟ (Brampton Transit), ਫਾਇਰ ਐਂਡ ਐਮਰਜੈਂਸੀ ਸਰਵਿਸਿਜ਼ (Fire and Emergency Services) ਅਤੇ ਬਾਇ-ਲਾਅ (By-law) ਅਤੇ ਐਨਫੋਰਸਮੈਂਟ (Enforcement) ਸਮੇਤ, ਰੋਜ਼ਾਨਾ ਦੀਆਂ ਜ਼ਰੂਰੀ ਅਤੇ ਮਹੱਤਵਪੂਰਣ ਸੇਵਾਵਾਂ ਪ੍ਰਦਾਨ ਕਰਕੇ ਜਨਤਾ ਨੂੰ ਸਹਿਯੋਗ ਦੇਣਾ ਜਾਰੀ ਰੱਖੇਗੀ, ਜੋ ਪੂਰੀ ਸਿਟੀ ਵਿੱਚ ਐਮਰਜੈਂਸੀ ਸੇਵਾ ਪਹੁੰਚ ਨੂੰ ਯਕੀਨੀ ਬਣਾਉਂਦਾ ਹੈ।

ਸਿਟੀ, ਬ੍ਰੈਂਪਟਨ ਦੇ ਨਿਵਾਸੀਆਂ ਨੂੰ ਸੂਚਨਾਵਾਂ ਦਿੰਦੇ ਰਹਿਣ ਲਈ ਵਚਨਬੱਧ ਹੈ। ਇਹ COVID-19 ਵਾਸਤੇ ਸਿਟੀ ਦੀ ਪ੍ਰਤੀਕਿਰਿਆ ਬਾਰੇ ਤਾਜ਼ਾ ਜਾਣਕਾਰੀ ਦੇ ਉਪਲਬਧ ਹੁੰਦੇ ਹੀ ਨਿਵਾਸੀਆਂ ਨੂੰ ਉਹ ਜਾਣਕਾਰੀ ਦੇਣਾ ਜਾਰੀ ਰੱਖੇਗੀ। ਹੋਰ ਜਾਣਕਾਰੀ ਲਈ, www.brampton.ca/COVID19 ਤੇ ਜਾਓ ਜਾਂ @CityBrampton ਨੂੰ Twitter, Facebook ਅਤੇ Instagram ਤੇ ਫਾੱਲੋ ਕਰੋ।

**ਹਵਾਲੇ**

"ਅੱਜ ਦੀ ਘੋਸ਼ਣਾ, COVID-19 ਦੇ ਅਸਰਾਂ ਨੂੰ ਰੋਕਣ ਵਿੱਚ ਮਦਦ ਲਈ ਸਾਡੇ ਵੱਲੋਂ ਕੀਤੀਆਂ ਜਾਣ ਵਾਲੀਆਂ ਕਾਰਵਾਈਆਂ ਵਿੱਚ ਲਚਕੀਲੇਪਣ ਅਤੇ ਗਤੀ ਨੂੰ ਵਧਾ ਕੇ, ਸਿਟੀ ਦੇ ਐਮਰਜੈਂਸੀ ਪ੍ਰਤੀਕਿਰਿਆ ਸਬੰਧੀ ਜਾਰੀ ਯਤਨਾਂ ਦਾ ਸਮਰਥਨ ਕਰਦੀ ਹੈ। ਅਸੀਂ ਆਪਣੇ ਭਾਈਚਾਰੇ ਦੀ ਸੁਰੱਖਿਆ ਲਈ ਹਰ ਜ਼ਰੂਰੀ ਕਦਮ ਚੁੱਕ ਰਹੇ ਹਾਂ। ਸਿਟੀ ਅਜਿਹਾ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੇਗੀ। ਇਸ ਵਿੱਚ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਹੈ, ਇਸ ਲਈ ਕਿਰਪਾ ਕਰਕੇ ਇਸ ਸਮੇਂ ਘਰ ਵਿੱਚ ਹੀ ਰਹੋ। ਸਿਟੀ ਦੇ ਤੌਰ ਤੇ ਅਸੀਂ ਇਕੱਠੇ ਇਸਦਾ ਮੁਕਾਬਲਾ ਕਰਾਂਗੇ।"

*ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਸਿਟੀ ਦੇ ਐਡਮਿਨਿਸਟ੍ਰੇਸ਼ਨ ਨੇ COVID-19 ਦੀ ਪ੍ਰਤੀਕਿਰਿਆ ਵਿੱਚ, 13 ਮਾਰਚ ਨੂੰ ਪੱਧਰ 2 ਤੇ ਸਾਡੇ ਐਮਰਜੈਂਸੀ ਰਿਸਪਾਂਸ ਪਲਾਨ ਦੀ ਸ਼ੁਰੂਆਤ ਕੀਤੀ ਸੀ, ਜਿਸਨੂੰ 17 ਮਾਰਚ ਨੂੰ ਪੱਧਰ 1 ਦੀ ਮੁੱਖ ਐਮਰਜੈਂਸੀ ਵਿੱਚ ਬਦਲਿਆ ਗਿਆ ਸੀ। ਅੱਜ ਦੀ ਘੋਸ਼ਣਾ, ਸਿਟੀ ਦੇ ਸਟਾਫ਼ ਨੂੰ ਇਸ ਸਥਿਤੀ ਨਾਲ ਪ੍ਰਭਾਵੀ ਤੌਰ ਤੇ ਅਤੇ ਜਲਦੀ ਨਾਲ ਪ੍ਰਤੀਕਿਰਿਆ ਕਰਨ ਦੀ ਵਾਧੂ ਫੁਰਤੀ ਪ੍ਰਦਾਨ ਕਰਦੀ ਹੈ। ਇਹ ਦਰਸਾਉਂਦੀ ਹੈ ਕਿ ਸਿਟੀ ਇਸ ਮਾਮਲੇ ਨੂੰ ਅਤੇ ਸਾਡੇ ਸਟਾਫ਼ ਅਤੇ ਜਨਤਾ ਦੀ ਸੁਰੱਖਿਆ ਨੂੰ ਕਿੰਨੀ ਗੰਭੀਰਤਾ ਨਾਲ ਲੈ ਰਹੀ ਹੈ।"

*ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫ਼ਸਰ, ਸਿਟੀ ਆਫ ਬ੍ਰੈਂਪਟਨ*

**ਲਿੰਕ**

- [ਸਿਟੀ ਆਫ ਬ੍ਰੈਂਪਟਨ ਸੀ.ਓ.ਵੀ.ਆਈ.ਡੀ.-19 (City of Brampton COVID-19)]
- [ਪੀਲ ਪਬਲਿਕ ਹੈਲਥ – ਨੋਵਲ ਕੋਰੋਨਾਵਾਇਰਸ (ਸੀ.ਓ.ਵੀ.ਆਈ.ਡੀ.-19) (Peel Public Health – Novel Coronavirus) (COVID-19)]
- [ਪ੍ਰੋਵਿੰਸ ਆਫ ਓਨਟੈਰੀਓ: ਮਿਨਿਸਟਰੀ ਆਫ ਹੈਲਥ – ਨੋਵਲ ਕੋਰੋਨਾਵਾਇਰਸ (ਸੀ.ਓ.ਵੀ.ਆਈ.ਡੀ.-19) (Province of Ontario: Ministry of Health – Novel Coronavirus) (COVID-19)]

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca